## ਨਵੰਬਰ 1984 ਸਿਖ ਨਸਲਕੁਸ਼ੀ ਦੇ ਪੀੜਤਾਂ ਲਈ ਮਾਇਕ ਸਹਾਇਤਾ ਦੀ ਲੋੜ

# ਸਿਖਸ ਫਾਰ ਜਸਟਿਸ ਵਲੋਂ ਓਂਟਾਰੀਓ ਗੁਰਦੁਆਰਾ ਕਮੇਟੀ ਕੈਨੇਡਾ ਦੀ ਹਿਮਾਇਤ ਨਾਲ ਨਸਲਕੁਸ਼ੀ ਪੀੜਤਾਂ ਲਈ "ਸੇਵਾ ਸੰਭਾਲ ਲਹਿਰ" ਸ਼ੁਰੂ

ਨਿਊਯਾਰਕ, 20 ਨਵੰਬਰ 2010-ਪਿਛਲੇ ਲੰਮੇ ਸਮੇਂ ਤੋਂ ਨਵੰਬਰ 1984 ਸਿਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਕਾਨੂੰਨੀ ਲੜਾਈ ਲੜਦੀ ਆ ਰਹੀ ਅਮਰੀਕਾ ਦੀ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਓਂਟਾਰੀਓ ਗੁਰਦੁਆਰਾ ਕਮੇਟੀ ਕੈਨੇਡਾ ਦੀ ਮਦਦ ਨਾਲ ਨਵੰਬਰ 1984 ਸਿਖ ਨਸਲਕੁਸ਼ੀ ਦੀਆਂ ਪੀੜਤ ਵਿਧਵਾਵਾਂ ਦੀ ਮਾਇਕ ਤੌਰ 'ਤੇ ਮਦਦ ਕਰਨ ਲਈ ਇਨਸਾਫ ਲਹਿਰ ਦੇ ਨਾਲ ਨਾਲ ਸੇਵਾ ਸੰਭਾਲ ਲਹਿਰ ਸ਼ੁਰੂ ਕੀਤੀ ਹੈ। ਓਂਟਾਰੀਓ ਗੁਰਦੁਆਰਾ ਕਮੇਟੀ ਦੇ ਬੁਲਾਰੇ ਅਮਰਜੀਤ ਸਿੰਘ ਮਾਨ ਅਤੇ ਸੁਖਵਿੰਦਰ ਸਿੰਘ ਸੰਧੂ ਨੇ ਇਕ ਬਿਆਨ ਵਿਚ ਕਿਹਾ ਕਿ ਨਵੰਬਰ 1984 ਸਿਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਜ਼ਰੂਰੀ ਹੈ ਤੇ ਇਸ ਦੇ ਲਈ ਕਾਨੂੰਨੀ ਲੜਾਈ ਚਲਦੀ ਰਹੇਗੀ ਪਰ ਪੀੜਤਾਂ ਦੀ ਮਾਇਕ ਤੌਰ 'ਤੇ ਮਦਦ ਕਰਨੀ ਵੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ 26 ਸਾਲਾਂ ਤੋਂ ਮਾੜੀ ਹਾਲਤ ਵਿਚ ਰਹਿ ਰਹੀਆਂ ਨਵੰਬਰ 1984 ਸਿਖ ਨਸਲਕੁਸ਼ੀ ਦੀਆਂ ਪੀੜਤ ਵਿਧਵਾਵਾਂ ਦੀ ਕਿਸੇ ਨੇ ਅਜੇ ਤੱਕ ਸਾਰ ਨਹੀਂ ਲਈ। ਕਿਸੇ ਨੇ ਉਨ੍ਹਾਂ ਦੀ ਮਾਇਕ ਤੌਰ 'ਤੇ ਮਦਦ ਕਰਨ ਬਾਰੇ ਕਦੀ ਨਹੀਂ ਸੋਚਿਆ। ਹੁਣ ਜਦੋਂ ਉਨ੍ਹਾਂ ਦੀ ਧੀਆਂ ਵਿਆਹੁਣ ਜੋਗੀਆਂ ਹੋ ਗਈਆਂ ਹਨ ਤਾਂ ਇਸ ਮੌਕੇ ਉਨ੍ਹਾਂ ਨੂੰ ਮਾਇਕ ਤੌਰ 'ਤੇ ਸਹਾਇਤ ਦੀ ਬਹੁਤ ਜ਼ਰੂਰਤ ਹੈ ਜਿਸ ਲਈ ਉਨ੍ਹਾਂ ਦੀ ਕਮੇਟੀ ਸਿਖਸ ਫਾਰ ਜਸਟਿਸ ਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨਾਲ ਮਿਲਕੇ ਕੰਮ ਕਰ ਰਹੀ ਹੈ ਤੇ ਕਮੇਟੀ ਵਲੋਂ ਪੀੜਤ ਵਿਧਵਾਵਾਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਹਰ ਇਕ ਪਰਿਵਾਰ ਨੂੰ 25 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਜੀ ਹੈ। ਉਨ੍ਹਾਂ ਨੇ ਦਸਿਆ ਕਿ ਇਹ ਰਾਸ਼ੀ ਪਿਛਲੇ ਇਕ ਸਾਲ ਤੋਂ ਭੇਜੀ ਜਾ ਰਹੀ ਹੈ ਤੇ ਪੀੜਤ ਵਿਧਵਾਵਾਂ ਜੋ ਕੰਮ ਨਹੀਂ ਕਰ ਸਕਦੀਆਂ ਲਈ ਪੈਨਸ਼ਨ ਵੀ ਭੇਜੀ ਜਾ ਰਹੀ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਕੰਮ ਕਰਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਬਣਦੀ ਹੈ ਪਰ ਕਿਸੇ ਨੇ ਉਨ੍ਹਾਂ ਦੀ ਮਦਦ ਕਰਨ ਬਾਰੇ ਕਦੀ ਨਹੀਂ ਸੋਚਿਆ।

ਸ. ਮਾਨ ਤੇ ਸ. ਸੰਧੂ ਨੇ ਕਿਹਾ ਕਿ ਦੋਵੇਂ ਕਮੇਟੀਆਂ ਪਿਛਲੇ 25 ਸਾਲਾਂ ਤੋਂ ਪੀੜਤਾਂ ਦੀ ਮਦਦ ਕਰਨ ਦਾ ਢਿੰਡੋਰਾ ਪਿੱਟ ਰਹੀਆਂ ਹਨ ਪਰ ਕਿਸੇ ਨੇ ਅੱਜ ਤੱਕ ਪੀੜਤ ਵਿਧਵਾਵਾਂ ਦੀ ਮਾਇਕ ਤੌਰ 'ਤੇ ਮਦਦ ਨਹੀਂ ਕੀਤੀ। ਉਨ੍ਹਾਂ ਨੇ ਕਿਹਾ ਕਿ ਦਿੱਲੀ ਸਿਖ ਗੁਰਦੁਆਰਾ ਕਮੇਟੀ ਨੇ ਵਿਸ਼ਵ ਸਿਖ ਸਮੇਲਨ ਕਰਵਾਉਣ ਲਈ ਇਕ ਕਰੋੜ ਤੋਂ ਵੱਧ ਰੁਪਏ ਖਰਚ ਦਿੱਤੇ ਪਰ ਨਵੰਬਰ 1984 ਸਿਖ ਨਸਲਕੁਸ਼ੀ ਦੀਆਂ ਪੀੜਤ ਵਿਧਵਾਵਾਂ ਤੇ ਉਨ੍ਹਾਂ ਦੀਆਂ ਧੀਆਂ ਦੀ ਕਿਸੇ ਤਰਾਂ ਦੀ ਮਾਇਕ ਮਦਦ ਬਾਰੇ ਕਦੀ ਨਹੀਂ ਸੋਚਿਆ। ਉਨ੍ਹਾਂ ਨੇ ਕਿਹਾ ਕਿ ਇਸ ਨੇਕ ਕੰਮ ਲਈ ਦਾਨੀਆਂ ਦੀ ਲੋੜ ਹੈ ਜੋ ਕਿ ਅੱਗੇ ਆਉਣ

ਤੇ ਇਨ੍ਹਾਂ ਪੀੜਤ ਪਰਿਵਾਰਾਂ ਦੀ ਬਾਂਹ ਫੜਣ ਤਾਂ ਜੋ ਇਹ ਪੀੜਤ ਪਰਿਵਾਰ ਆਪਣੇ ਬੱਚੇ ਬੱਚੀਆਂ ਲਈ ਕੁਝ ਬੇਹਤਰ ਕਰ ਸਕਣ।

ਨੈਸ਼ਨਲ 1984 ਵਿਕਟਿਮਸ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ ਤੇ ਗੰਗਾ ਕੌਰ ਨੇ ਦੱਸਿਆ ਕਿ ਸਿਖਸ ਫਾਰ ਜਸਟਿਸ ਵਲੋਂ ਪੀੜਤ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਮੌਕੇ ਲਗਭਗ ਪਿਛਲੇ ਇਕ ਸਾਲ ਤੋਂ ਸਹਾਇਤਾ ਰਾਸ਼ੀ 25 ਹਜ਼ਾਰ ਰੁਪਏ ਹਰ ਇਕ ਪਰਿਵਾਰ ਲਈ ਭੇਜੀ ਜਾ ਰਹੀ ਹੈ।

ਇਸੇ ਤਰਾਂ ਮਾਤਾ ਅਤਰ ਕੌਰ ਨੇ ਦਸਿਆ ਕਿ ਸਿਖ ਨਸਲਕੁਸ਼ੀ ਮੌਕੇ ਮੇਰੇ ਪਤੀ ਸਮੇਤ ਪਰਿਵਾਰ ਦੇ ਪੰਜ ਮੈਂਬਰ ਮਾਰੇ ਗਏ ਸੀ। ਉਨ੍ਹਾਂ ਨੇ ਦੱਸਿਆ ਕਿ ਮੇਰੀ ਕਿਸੇ ਸੰਸਥਾ ਨੇ ਕਦੀ ਮਦਦ ਨਹੀਂ ਕੀਤੀ ਪਰ ਸਿਖਸ ਫਾਰ ਜਸਟਿਸ ਨੇ ਓਂਟਾਰੀਓ ਗੁਰਦੁਆਰਾ ਕਮੇਟੀ ਦੀ ਮਦਦ ਨਾਲ ਮੇਰੀ ਬੇਟੀ ਦੀ ਸ਼ਾਦੀ ਮੌਕੇ 25 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਜੀ ਹੈ ਤੇ ਮੈਂ ਓਂਟਾਰੀਓ ਗੁਰਦੁਆਰਾ ਕਮੇਟੀ ਤੇ ਸਿਖਸ ਫਾਰ ਜਸਟਿਸ ਦੀ ਬਹੁਤ ਸ਼ੁਕਰ ਗੁਜ਼ਾਰ ਹਾਂ।

ਇਸੇ ਤਰਾਂ ਬੀਬੀ ਸ਼ਾਂਤੀ ਕੌਰ, ਹੁਕਮੀ ਕੌਰ, ਲਕਸ਼ਮੀ ਕੌਰ ਪਤਨੀ ਭਗਤ ਸਿੰਘ, ਲਕਸ਼ਮੀ ਕੌਰ ਪਤਨੀ ਗਿਆਨ ਸਿੰਘ ਨੂੰ ਵੀ ਬੇਟੀਆਂ ਦੀ ਸ਼ਾਦੀ ਮੌਕੇ ਸਹਾਇਤਾ ਰਾਸ਼ੀ ਮਿਲੀ ਹੈ। ਇਸੇ ਤਰਾਂ ਬੀਬੀ ਅਨੀਤਾ ਕੌਰ ਨੇ ਦਸਿਆ ਕਿ ਉਨ੍ਹਾਂ ਦੀ ਬੱਚੀ ਦੇ ਇਕ ਅਪਰੇਸ਼ਨ ਮੌਕੇ ਉਨ੍ਹਾਂ ਨੂੰ ਸਹਾਇਤਾ ਰਾਸ਼ੀ ਭੇਜੀ ਗਈ ਹੈ। ਨੈਸ਼ਨਲ 1984 ਵਿਕਟਿਮਸ ਐਂਡ ਵੈਲਫੇਅਰ ਸੁਸਾਇਟੀ ਦੀ ਬੀਬੀ ਗੰਗਾ ਕੌਰ ਨੇ ਦਸਿਆ ਕਿ ਨਵੰਬਰ 1984 ਸਿਖ ਨਸਲਕੁਸ਼ੀ ਦੇ ਪੀੜਤਾਂ ਲਈ ਸ਼ਾਦੀਆਂ ਮੌਕੇ ਸਹਾਇਤਾ ਭੇਜਣ ਤੋਂ ਇਲਾਵਾ ਹੁਣ ਇਸ ਮਹੀਨੇ ਤੋਂ ਹਰ ਇਕ ਪੀੜਤ ਵਿਧਵਾ ਜੋ ਕੰਮ ਨਹੀਂ ਕਰ ਸਕਦੀ ਹੈ ਨੂੰ ਇਕ ਹਜ਼ਾਰ ਰੁਪਏ ਦੀ ਪੈਨਸ਼ਨ ਸਿਖਸ ਫਾਰ ਜਸਿਟਸ ਵਲੋਂ ਓਂਟਾਰੀਓ ਗੁਰਦੁਆਰਾ ਕਮੇਟੀ ਦੀ ਮਦਦ ਨਾਲ ਸ਼ੁਰੂ ਕੀਤੀ ਗਈ ਹੈ।

ਸਿਖਸ ਫਾਰ ਜਸਟਿਸ ਦੇ ਯੂਥ ਕੋਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਾਡੇ ਨੌਜਵਾਨਾਂ ਵਲੋਂ ਆਪਣੀਆਂ ਮਾਵਾਂ ਭੈਣਾਂ ਦੀ ਹਰ ਤਰਾਂ ਨਾਲ ਸਹਾਇਤਾ ਕੀਤੀ ਜਾਵੇਗੀ। ਉਨਾਂ ਨੇ ਵੀ ਅਪੀਲ ਕੀਤੀ ਕਿ ਨਵੰਬਰ 1984 ਸਿਖ ਨਸਲਕੁਸ਼ੀ ਦੇ ਪੀੜਤਾਂ ਦੀ ਵੱਧ ਤੋਂ ਵੱਧ ਮਾਇਕ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ।

ਇਸੇ ਦੌਰਾਨ ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਨਵੰਬਰ 1984 ਸਿਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣਾ ਜਿਨ੍ਹਾਂ ਜ਼ਰੂਰੀ ਹੈ ਉਨ੍ਹਾਂ ਹੀ ਪੀੜਤਾਂ ਦੀ ਮਦਦ ਕਰਨਾ ਹੋਰ ਵੀ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਪੀੜਤ ਵਿਧਵਾਵਾਂ ਨੇ ਪਿਛਲਾ ਲੰਮਾ ਸਮਾਂ ਬੜੀ ਮੁਸ਼ਕਿਲ ਨਾਲ ਬਿਤਾਇਆ ਹੈ ਤੇ ਹੁਣ ਉਨ੍ਹਾਂ ਦੀਆਂ ਧੀਆਂ ਵਿਆਹੁਣ ਜੋਗੀਆਂ ਹੋਈਆਂ ਹਨ ਜਿਨ੍ਹਾਂ ਲਈ ਮਾਇਕ ਸਹਾਇਤਾ ਦੀ ਬੇਹੱਦ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਓਂਟਾਰੀਓ ਗੁਰਦੁਆਰਾ ਕਮੇਟੀ ਕੈਨੇਡਾ ਦੀ ਮਦਦ ਨਾਲ ਪੀੜਤ ਵਿਧਵਾਵਾਂ ਲਈ ਮਾਇਕ ਸਹਾਇਤਾ ਭੇਜੀ ਜਾ ਰਹੀ ਹੈ। ਉਨ੍ਹਾਂ ਨੇ ਸਮੂਹ ਸਿਖ ਜਗਤ ਨੂੰ ਅਪੀਲ ਕੀਤੀ ਹੈ ਕਿ ਪੀੜਤਾਂ ਦੀ ਮਦਦ ਕਰਨ ਲਈ ਸਿਖਸ ਫਾਰ ਜਸਟਿਸ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਪੀੜਤਾਂ ਦੇ ਨਾਂਅ ’ਤੇ ਕਦੀ ਪੈਸਾ ਨਹੀਂ ਲੈਣਗੇ ,

ਜਿਸ ਨੇ ਉਨ੍ਹਾਂ ਦੀ ਮਾਇਕ ਤੌਰ ’ਤੇ ਮਦਦ ਕਰਨੀ ਚਾਹੀ ਤਾਂ ਉਨ੍ਹਾਂ ਦੀ ਸਹਾਇਤਾ ਸਿੱਧੀ ਪੀੜਤਾਂ ਨੂੰ ਪਹੁੰਚਾਈ ਜਾਵੇਗੀ। ਉਨ੍ਹਾਂ ਨੇ ਅਪੀਲ ਕਰਦੇ ਹੋਏ ਕਿਹਾ ਕਿ ਉਹ ਪਰਿਵਾਰ ਸਾਹਮਣੇ ਆਉਣ ਜੋ ਇਕ ਇਕ ਪੀੜਤ ਪਰਿਵਾਰ ਨੂੰ ਸਪਾਂਸਰ ਕਰਨ ਤੇ ਉਨ੍ਹਾਂ ਵਲੋਂ ਦਿੱਤੀ ਜਾਣ ਵਾਲੀ ਮਾਇਕ ਸਹਾਇਤਾ ਸਿੱਧੀ ਪੀੜਤਾਂ ਤੱਕ ਪਹੁੰਚੇਗੀ।

ਇਸੇ ਦੌਰਾਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਉਹ ਸਿਖਸ ਫਾਰ ਜਸਟਿਸ ਨਾਲ ਮਿਲਕੇ ਨਵੰਬਰ 1984 ਸਿਖ ਨਸਲਕੁਸ਼ੀ ਦੇ ਪੜਤਾਂ ਲਈ ਕਾਨੂੰਨੀ ਲੜਾਈ ਲੜਦੇ ਆ ਰਹੇ ਹਨ ਤੇ ਹੁਣ ਓਂਟਾਰੀਓ ਗੁਰਦੁਆਰਾ ਕਮੇਟੀ ਦੀ ਮਦਦ ਨਾਲ ਪੀੜਤਾਂ ਲਈ ਮਾਇਕ ਸਹਾਇਤਾ ਵੀ ਸ਼ੁਰੂ ਕੀਤੀ ਹੈ।